# ਕੰਮ 'ਤੇ COVID-19

COVID-19 (ਇੱਕ ਕੋਰੋਨਾਵਾਇਰਸ) ਆਮ ਤੌਰ 'ਤੇ ਕਿੱਤਾਮੁਖੀ ਬਿਮਾਰੀ ਨਹੀਂ ਹੁੰਦੀ। ਕੋਰੋਨਾਵਾਇਰਸ ਵਾਇਰਸਾਂ ਦਾ ਇੱਕ ਵੱਡਾ ਪਰਿਵਾਰ ਹੈ। ਇਹਨਾਂ ਵਿੱਚੋਂ ਕੁਝ ਲੋਕਾਂ ਵਿੱਚ ਸਾਹ ਦੀ ਬਿਮਾਰੀ ਦਾ ਕਾਰਨ ਬਣਦੇ ਹਨ, ਜੋ ਹਲਕੇ ਆਮ ਜ਼ੁਕਾਮ ਤੋਂ ਲੈ ਕੇ ਗੰਭੀਰ ਬਿਮਾਰੀਆਂ ਤੱਕ ਹੁੰਦੀਆਂ ਹਨ।

COVID-19 ਇੱਕ ਨਵਾਂ ਕੋਰੋਨਾਵਾਇਰਸ ਹੈ ਜੋ ਪਹਿਲਾਂ ਮਨੁੱਖਾਂ ਵਿੱਚ ਪਛਾਣਿਆ ਨਹੀਂ ਗਿਆ ਸੀ। ਮੰਨਿਆ ਜਾਂਦਾ ਹੈ ਕਿ ਇਹ ਮੁੱਖ ਤੌਰ 'ਤੇ ਖੰਘਣ, ਛਿੱਕ ਮਾਰਨ ਜਾਂ ਕਿਸੇ ਅਜਿਹੇ ਵਿਅਕਤੀ ਨਾਲ ਸਿੱਧੇ ਨਜ਼ਦੀਕੀ ਸੰਪਰਕ ਦੁਆਰਾ ਫੈਲਦਾ ਹੈ ਜੋ COVID-19 ਨਾਲ ਬਿਮਾਰ ਹੈ ਜਾਂ ਜਿਨਹ੍ਹਾਂ ਸਤਹ੍ਹਾਂ ਨੂੰ ਉਹਨਾਂ ਨੇ ਹਾਲ ਹੀ ਵਿੱਚ ਛੂਹਿਆ ਹੈ।

ਜਿਹੜੇ ਲੋਕ COVID-19 ਨਾਲ ਗਰ੍ਸਤ ਹੁੰਦੇ ਹਨ ਹੋ ਸਕਦਾ ਹੈ ਉਹਨਾਂ ਨੂੰ ਬਹੁਤ ਘੱਟ ਤੋਂ ਲੈ ਕੇ ਕੋਈ ਲੱਛਣ ਨਾ ਹੋਣ। ਹੋ ਸਕਦਾ ਹੈ ਤੁਹਾਨੂੰ ਪਤਾ ਨਾ ਹੋਵੇ ਕਿ ਤੁਹਾਨੂੰ COVID-19 ਦੇ ਲੱਛਣ ਹਨ ਕਿਉਂਕਿ ਇਹ ਜ਼ੁਕਾਮ ਜਾਂ ਫਲੂ ਵਰਗੇ ਹੁੰਦੇ ਹਨ। ਸਬੂਤਾਂ ਤੋਂ ਸੰਕੇਤ ਮਿਲਦਾ ਹੈ ਕਿ ਵਾਇਰਸ ਕਿਸੇ ਅਜਿਹੇ ਵਿਅਕਤੀ ਤੋਂ ਜਿਸਨੂੰ ਲਾਗ ਹੈ ਪਰ ਲੱਛਣ ਨਹੀਂ ਦਿਖਾ ਰਿਹਾ ਹੈ, ਦੂਸਰੇ ਵਿਅਕਤੀਆਂ ਵਿੱਚ ਜਾ ਸਕਦਾ ਹੈ। ਇਹਨਾਂ ਵਿੱਚ ਉਹ ਲੋਕ ਸ਼ਾਮਲ ਜੋ/ਜਿਨਹ੍ਹਾਂ ਵਿੱਚ:

- ਹਾਲੇ ਤੱਕ ਲੱਛਣ ਵਿਕਸਿਤ ਨਹੀਂ ਹੋਏ ਹਨ (ਲੱਛਣਾਂ ਤੋਂ ਪਹਿਲਾਂ ਦੀ ਸਥਿਤੀ)
- ਕਦੇ ਵੀ ਲੱਛਣ ਵਿਕਸਿਤ ਨਹੀਂ ਹੋਏ

COVID-19 ਨਾਲ ਸੰਪਰਕ ਤੋਂ ਬਾਅਦ ਲੱਛਣ ਆਉਣ ਵਿੱਚ 14 ਦਿਨ ਲੱਗ ਸਕਦੇ ਹਨ। ਗੰਭੀਰ ਮਾਮਲਿਆਂ ਵਿੱਚ, ਲਾਗ ਕਾਰਨ ਮੌਤ ਹੋ ਸਕਦੀ ਹੈ।

(ਸਰੋਤ: ਕੈਨੇਡਾ ਦੀ ਸਰਕਾਰ, ਅਲਬਰਟਾ ਹੈਲਥ ਸਰਵਿਸਿਜ਼)

COVID-19 ਨੇ ਕਵਰੇਜ, ਰਿਪੋਰਟ ਕਰਨ ਦੀਆਂ ਜ਼ਿੰਮੇਵਾਰੀਆਂ ਅਤੇ ਪਰ੍ਕਿਰਿਆ ਬਾਰੇ ਬਹੁਤ ਸਾਰੇ ਸਵਾਲ ਖੜਹ੍ਹੇ ਕੀਤੇ ਹਨ। ਹੇਠ ਦਿੱਤੀ ਜਾਣਕਾਰੀ ਇਸ ਮਹਾਂਮਾਰੀ ਫਲੂ ਦੇ ਦੌਰਾਨ ਇੱਕ ਰੁਜ਼ਗਾਰਦਾਤਾ ਵਜੋਂ ਤੁਹਾਡੀ ਜ਼ਿੰਮੇਵਾਰੀ ਨਿਰਧਾਰਤ ਕਰਨ ਵਿੱਚ ਤੁਹਾਡੀ ਸਹਾਇਤਾ ਕਰਦੀ ਹੈ।

## COVID-19 ਕੰਮ ਨਾਲ ਸੰਬੰਧਿਤ ਕਦੋਂ ਹੋ ਸਕਦਾ ਹੈ

ਜਦੋਂ ਕਿਸੇ ਵਰਕਰ ਨੂੰ ਆਪਣੇ ਰੁਜ਼ਗਾਰ ਦੇ ਫਰਜ਼ਾਂ ਦੇ ਸਿੱਧੇ ਨਤੀਜੇ ਵਜੋਂ COVID-19 ਹੋ ਜਾਂਦਾ ਹੈ, ਤਾਂ ਉਹ ਮੁਆਵਜ਼ੇ ਦੇ ਹੱਕਦਾਰ ਹਨ ਜੇ ਹੇਠਾਂ ਦਿੱਤੀਆਂ ਸ਼ਰਤਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ:

- ਰੁਜ਼ਗਾਰ ਦੀ ਪਰ੍ਕਿਰਤੀ ਵਿੱਚ ਲਾਗ ਦੇ ਸਰੋਤ ਦਾ ਲੋੜੀਂਦਾ ਸੰਪਰਕ ਸ਼ਾਮਲ ਹੁੰਦਾ ਹੈ,

  \- ਅਤੇ -

- ਰੁਜ਼ਗਾਰ ਦੀ ਪਰ੍ਕਿਰਤੀ, ਵਰਕਰ ਲਈ ਸੰਪਰਕ ਦਾ ਇੱਕ ਵੱਡਾ ਖ਼ਤਰਾ ਪੈਦਾ ਕਰਦੀ ਹੈ।

ਹਵਾਲਾ: ਪਾਲਿਸੀ 03-01: ਭਾਗ II - ਕਿੱਤਾਮੁਖੀ ਰੋਗ

ਹਰ ਮਾਮਲੇ ਵਿੱਚ, WCB-Alberta ਹਰ ਮਾਮਲੇ ਦੀਆਂ ਖਾਸ ਅਤੇ ਵਿਲੱਖਣ ਸਥਿਤੀਆਂ ਦੇ ਆਧਾਰ 'ਤੇ ਕੰਮ-ਸੰਬੰਧਤਾ ਅਤੇ ਲਾਭ ਹੱਕਦਾਰੀ ਨੂੰ ਮੰਨਦਾ ਹੈ।

## ਜ਼ਰੂਰੀ ਵਰਕਰ

ਕਿਸੇ ਦਾਅਵੇ ਦੇ ਸਵੀਕਾਰ ਕੀਤੇ ਜਾਣ ਦੀ ਸੰਭਾਵਨਾ ਹੁੰਦੀ ਹੈ ਜਦੋਂ ਕਿਸੇ ਵਰਕਰ ਨੂੰ ਬਿਮਾਰੀ ਹੁੰਦੀ ਹੈ ਅਤੇ ਉਹ ਅਜਿਹੇ ਕੰਮ ਕਰਦਾ ਹੈ ਜਿਸਨੂੰ ਪਰ੍ਾਂਤ **ਇੱਕ ਜ਼ਰੂਰੀ ਸੇਵਾ ਮੰਨਦਾ ਹੈ ਜੋ ਉਹਨਾਂ ਨੂੰ ਆਮ ਜਨਤਾ ਦੇ ਨਿਯਮਿਤ ਸੰਪਰਕ ਵਿੱਚ ਰੱਖਦੀ ਹੈ।**

ਸਾਰੇ ਜ਼ਰੂਰੀ ਸੇਵਾਵਾਂ ਦੇ ਮਾਮਲਿਆਂ ਦੀ WCB ਨੂੰ ਰਿਪੋਰਟ ਕੀਤੀ ਜਾਣੀ ਚਾਹੀਦੀ ਹੈ, ਜਦ ਤੱਕ ਇਹ ਸਥਿਤੀਆਂ ਨਹੀਂ ਹਨ:

1. ਲਾਗ ਦੇ ਸਮੇਂ ਕਰਮਚਾਰੀ ਛੁੱਟੀਆਂ 'ਤੇ ਸੀ ਜਾਂ ਕੰਮ ਤੋਂ ਬਾਹਰ ਸੀ।
2. ਕਰਮਚਾਰੀ ਬਿਮਾਰ ਨਹੀਂ ਹੈ ਪਰ ਸ਼ੱਕੀ ਜਾਂ ਪੁਸ਼ਟੀ ਹੋਏ ਸੰਪਰਕ ਦੇ ਕਾਰਨ ਅਲੱਗ ਰਹਿਣਾ ਲਾਜ਼ਮੀ ਹੈ।

## ਸਾਰੇ ਵਰਕਰ

ਕਿਸੇ ਵਰਕਰ ਦੀ ਉਸਦੇ ਕਾਰਜ ਸਥਾਨ **ਵਿਆਪਕ ਤੌਰ 'ਤੇ ਰੋਗ ਫੈਲਣ ਦੀ ਸਥਿਤੀ ਵਿੱਚ ਵੀ ਕਵਰ ਕੀਤੇ ਜਾਣ ਦੀ ਸੰਭਾਵਨਾ ਹੋਏਗੀ।**

### ਗੰਭੀਰ ਦੇਖਭਾਲ ਅਤੇ ਨਿਰੰਤਰ ਦੇਖਭਾਲ ਦੀਆਂ ਸਹੂਲਤਾਂ

ਗੰਭੀਰ ਦੇਖਭਾਲ ਅਤੇ ਨਿਰੰਤਰ ਦੇਖਭਾਲ ਦੀਆਂ ਸਹੂਲਤਾਂ ਵਿੱਚ ਪਰ੍ਸਾਰ ਦੇ ਸਥਾਨਾਂ ਦੀ ਜਨਤਕ ਤੌਰ 'ਤੇ ਸੂਚਨਾ ਦਿੱਤੀ ਜਾਂਦੀ ਹੈ ਜਦੋਂ ਦੋ ਜਾਂ ਦੋ ਤੋਂ ਵੱਧ ਮਾਮਲੇ ਹੁੰਦੇ ਹਨ, ਜੋ ਇਹ ਦਰਸਾਉਂਦਾ ਹੈ ਕਿ ਸਹੂਲਤ ਦੇ ਅੰਦਰ ਇੱਕ ਪਰ੍ਸਾਰ ਹੋ ਗਿਆ ਹੈ।

### ਹੋਰ ਸਾਰੇ ਕਾਰਜ-ਸਥਾਨ ਅਤੇ ਸਹੂਲਤਾਂ

ਹੋਰ ਸਹੂਲਤਾਂ ਜਾਂ ਭਾਈਚਾਰੇ ਵਿੱਚ ਪਰ੍ਸਾਰ ਦੀ ਜਨਤਕ ਤੌਰ 'ਤੇ ਰਿਪੋਰਟ ਕੀਤੀ ਜਾਂਦੀ ਹੈ ਜਦੋਂ ਪੰਜ ਜਾਂ ਵਧੇਰੇ ਮਾਮਲੇ ਹੁੰਦੇ ਹਨ।

ਪਰ੍ਸਾਰ ਦੇ ਸਾਰੇ ਮਾਮਲਿਆਂ ਦੀ ਪੜਤਾਲ ਲਈ WCB ਨੂੰ ਰਿਪੋਰਟ ਕੀਤੀ ਜਾਣੀ ਚਾਹੀਦੀ ਹੈ।

## COVID-19 ਕਵਰੇਜ ਬਾਰੇ ਸਵਾਲ ਅਤੇ ਜਵਾਬ

### ਗੈਰ-ਕਿੱਤਾਮੁਖੀ ਬਿਮਾਰੀ ਇੱਕ ਕਿੱਤਾਮੁਖੀ ਖ਼ਤਰਾ ਕਿਵੇਂ ਬਣ ਜਾਂਦੀ ਹੈ?

ਹਾਲਾਂਕਿ COVID-19 ਦੇ ਬਹੁਤੇ ਮਾਮਲੇ ਕਿੱਤਾਮੁਖੀ ਨਹੀਂ ਹੁੰਦੇ, ਬਿਮਾਰੀ ਇੱਕ ਕਿੱਤਾਮੁਖੀ ਖ਼ਤਰੇ ਦਾ ਰੂਪ ਧਾਰਨ ਕਰ ਸਕਦੀ ਹੈ ਜਦੋਂ ਕੰਮ ਦੀਆਂ ਡਿਊਟੀਆਂ ਵਰਕਰ ਨੂੰ ਲਾਗ ਵਾਲੇ ਲੋਕਾਂ ਦੇ ਸੰਪਰਕ ਵਿੱਚ ਆਉਣ ਦੇ ਵਧੇ ਹੋਏ ਜੋਖਮ ਵਿੱਚ ਪਾਉਂਦੀਆਂ ਹਨ, ਇਸ ਤਰਹ੍ਹਾਂ ਉਹਨਾਂ ਦੇ ਬਿਮਾਰੀ ਵਿਕਸਿਤ ਹੋਣ ਦੇ ਜੋਖਮ ਵਿੱਚ ਵਾਧਾ ਹੁੰਦਾ ਹੈ।

ਇਹ ਉਦੋਂ ਵੀ ਹੋ ਸਕਦਾ ਹੈ ਜਦੋਂ ਕੋਈ ਲਾਗ ਵਾਲਾ ਵਿਅਕਤੀ (ਕੋਈ ਮਹਿਮਾਨ, ਠੇਕੇਦਾਰ, ਸੁਪਰਵਾਈਜ਼ਰ, ਵਰਕਰ, ਆਦਿ) ਵਾਇਰਸ ਨੂੰ ਕਾਰਜਸਥਾਨ 'ਤੇ ਲਿਆਉਂਦਾ ਹੈ, ਜਿਸ ਨਾਲ ਲਾਗ ਦਾ ਸਮੂਹ ਬਣ ਸਕਦਾ ਹੈ, ਜਿਸ ਨਾਲ ਇਹ ਸਹੂਲਤ ਵਿੱਚ ਫੈਲ ਜਾਂਦਾ ਹੈ।

ਸਹੂਲਤ ਵਿੱਚ ਕੰਮ ਕਰਨ ਦੀ ਲੋੜ ਵਾਲੇ ਵਰਕਰਾਂ ਦਾ ਹੁਣ ਉਹਨਾਂ ਲੋਕਾਂ ਨਾਲ ਕੰਮ ਕਰਨ ਦਾ ਵਧੇਰੇ ਜੋਖਮ ਹੈ ਜੋ ਲਾਗ-ਗ੍ਰਸਤ ਹਨ ਅਤੇ/ਜਾਂ ਲਾਗ ਵਾਲੇ ਸਤਹਾਂ ਦੇ ਨਾਲ ਅਕਸਰ ਸੰਪਰਕ ਵਿੱਚ ਆਉਂਦੇ ਹਨ, ਭਾਵੇਂ ਉਹਨਾਂ ਦਾ ਆਮ ਲੋਕਾਂ ਨਾਲ ਸੰਪਰਕ ਨਾ ਹੋਵੇ।

ਖ਼ਤਰੇ ਦੇ ਪੱਧਰ, ਲਾਗ ਦੇ ਸੰਭਾਵੀ ਸਰੋਤ ਅਤੇ ਕੰਮ ਨਾਲ ਜੁੜੇ ਹੋਣ ਦੀ ਪੁਸ਼ਟੀ ਕਰਨ ਲਈ ਹਰੇਕ ਰਿਪੋਰਟ ਕੀਤੇ ਮਾਮਲੇ ਦੀ WCB ਦੁਆਰਾ ਜਾਂਚ ਕੀਤੀ ਜਾਂਦੀ ਹੈ। ਜੇ ਇਸ ਗੱਲ ਦਾ ਸਬੂਤ ਹੈ ਕਿ ਲਾਗ ਕੰਮ ਤੋਂ ਬਾਹਰ ਹੋਈ ਹੈ, ਤਾਂ ਇਹ ਸਥਿਤੀ ਕੰਮ-ਸੰਬੰਧੀ ਨਹੀਂ ਹੋਵੇਗੀ।

### ਕੰਮ 'ਤੇ ਫੈਲਣਾ ਕੀ ਹੈ?

ਪ੍ਰਸਾਰ, ਕਿਸੇ ਬਿਮਾਰੀ ਦੇ ਮਾਮਲਿਆਂ ਵਿੱਚ ਅਚਾਨਕ ਅਤੇ/ਜਾਂ ਅਚਾਨਕ ਵਾਧਾ ਹੁੰਦਾ ਹੈ। ਪ੍ਰਸਾਰ ਕਿਸੇ ਭਾਈਚਾਰੇ, ਕੈਂਪ, ਸਹੂਲਤ ਜਾਂ ਭੂਗੋਲਿਕ ਖੇਤਰ ਵਿੱਚ ਹੋ ਸਕਦਾ ਹੈ।

ਪ੍ਰਸਾਰ ਦੀ ਘੋਸ਼ਣਾ ਆਮ ਤੌਰ 'ਤੇ ਡਾਕਟਰੀ ਸਿਹਤ ਅਥਾਰਿਟੀ ਦੁਆਰਾ ਕੀਤੀ ਜਾਂਦੀ ਹੈ। ਅਸੀਂ ਪਿਛਲੇ ਸਮੇਂ ਸਿਹਤ ਸਹੂਲਤਾਂ ਅਤੇ ਕੈਂਪਾਂ ਵਿੱਚ ਨੋਰਵਾਕ ਵਾਇਰਸ ਅਤੇ ਹੋਰਨਾਂ ਦਾ ਪ੍ਰਸਾਰ ਵੇਖਿਆ ਹੈ। ਅਲਬਰਟਾ ਸਰਕਾਰ ਨੇ ਆਪਣੀ ਵੈੱਬਸਾਈਟ 'ਤੇ ਫੈਲਣ ਦੀ ਜਾਣਕਾਰੀ ਉਪਲਬਧ ਕਰਾਈ ਹੈ।

ਕਿਸੇ ਕਾਰਜਸਥਾਨ 'ਤੇ ਕਈ ਮਾਮਲਿਆਂ (ਪੰਜ ਜਾਂ ਵਧੇਰੇ ਮਾਮਲੇ) ਦੇ ਨਤੀਜੇ ਵਜੋਂ ਪ੍ਰਸਾਰ ਦਾ ਐਲਾਨ ਕੀਤਾ ਜਾ ਸਕਦਾ ਹੈ। COVID-19 ਬਹੁਤ ਜ਼ਿਆਦਾ ਛੂਤ ਵਾਲੀ ਬਿਮਾਰੀ ਹੈ ਅਤੇ ਪ੍ਰਸਾਰ ਬਹੁਤ ਤੇਜ਼ੀ ਨਾਲ ਵਾਪਰ ਸਕਦਾ ਹੈ।

### WCB ਦੇ ਨਜ਼ਰੀਏ ਤੋਂ ਕਿਸੇ ਕਾਰਜਸਥਾਨ 'ਤੇ ਪ੍ਰਸਾਰ ਦਾ ਕੀ ਅਰਥ ਹੈ?

ਜਦੋਂ ਕਿਸੇ ਕਾਰਜਸਥਾਨ 'ਤੇ ਕਈ ਕਰਮਚਾਰੀਆਂ ਨੂੰ ਬਿਮਾਰੀ ਦੀ ਪੁਸ਼ਟੀ ਕੀਤੀ ਜਾਂਦੀ ਹੈ, ਤਾਂ ਉਸ ਸਾਈਟ 'ਤੇ ਵਰਕਰਾਂ ਨੂੰ ਆਮ ਲੋਕਾਂ ਨਾਲੋਂ ਛੂਤ ਦੀ ਬਿਮਾਰੀ ਹੋਣ ਦਾ ਵੱਡਾ ਖ਼ਤਰਾ ਹੋ ਸਕਦਾ ਹੈ।

### ਇਨਹਾਂ ਦਾਅਵਿਆਂ ਦੀ ਰਿਪੋਰਟ ਕਰਨ ਦੀ ਲੋੜ ਕਿਉਂ ਹੈ?

ਇਨਹਾਂ ਮਾਮਲਿਆਂ ਦੀ ਰਿਪੋਰਟ ਕਰਨ ਦੀ ਲੋੜ ਹੈ ਤਾਂ ਕਿ WCB ਕੰਮ ਨਾਲ ਸੰਬੰਧ ਦੀ ਜਾਂਚ ਕਰ ਸਕੇ। ਕਿਉਂਕਿ ਥਾਨ 'ਤੇ ਪ੍ਰਸਾਰ ਨਾਲ ਕਰਮਚਾਰੀਆਂ ਨੂੰ ਬਿਮਾਰੀ ਲੱਗਣ ਦਾ ਜੋਖਮ ਆਮ ਲੋਕਾਂ ਨਾਲੋਂ ਵਧੇਰੇ ਹੋ ਸਕਦਾ ਹੈ, ਇਸ ਸਮੱਸਿਆ ਨੂੰ ਕਰਮਚਾਰੀਆਂ ਦੀ ਮੁਆਵਜ਼ਾ ਪ੍ਰਣਾਲੀ ਰਾਹੀਂ ਸ਼ਾਮਲ ਕੀਤਾ ਜਾ ਸਕਦਾ ਹੈ।

### ਕੀ ਜੇ ਮੈਨੂੰ ਕਿਸੇ ਪ੍ਰਸਾਰ ਬਾਰੇ ਸ਼ੱਕ ਹੁੰਦਾ ਹੈ ਤਾਂ ਕੀ ਮੈਨੂੰ ਕੋਈ ਦਾਅਵਾ ਪੇਸ਼ ਕਰਨਾ ਚਾਹੀਦਾ ਹੈ?

ਜਦੋਂ ਤੁਹਾਡੀ ਸਹੂਲਤ ਦੇ ਇੱਕ ਤੋਂ ਜ਼ਿਆਦਾ ਵਰਕਰਾਂ ਨੂੰ ਲੱਛਣ ਹੋਣ ਜਾਂ COVID-19 ਦੇ ਲੱਛਣ ਦਾ ਪੁਸ਼ਟੀ ਕੀਤਾ ਨਿਦਾਨ ਹੋਵੇ ਤਾਂ WCB ਨੂੰ ਰਿਪੋਰਟ ਕਰੋ। ਇਹ ਲਾਗੂ ਹੁੰਦਾ ਹੈ ਭਾਵੇਂ ਆਮ ਲੋਕਾਂ ਨਾਲ ਕੋਈ ਸਿੱਧਾ ਕੰਮ ਨਾ ਹੋਵੇ।

ਨੋਟ: ਜੇ ਤੁਹਾਡੇ ਕਰਮਚਾਰੀ ਸਿੱਧੇ ਤੌਰ 'ਤੇ ਆਮ ਲੋਕਾਂ ਨਾਲ ਕੰਮ ਕਰਦੇ ਹਨ, ਤਾਂ ਜਿਵੇਂ ਹੀ ਹਰੇਕ ਮਾਮਲੇ ਦੀ ਪਛਾਣ ਕੀਤੀ ਗਈ ਹੈ ਤੁਹਾਨੂੰ ਇਸਦੀ ਰਿਪੋਰਟ ਕਰਨੀ ਚਾਹੀਦੀ ਹੈ।

### ਜੇ ਪ੍ਰਸਾਰ ਦੀ ਪਹਿਲਾਂ ਭਾਈਚਾਰਾ ਅਧਾਰਤ ਵਜੋਂ ਰਿਪੋਰਟ ਕੀਤੀ ਜਾਂਦੀ ਹੈ, ਤਾਂ ਕੀ ਮੈਨੂੰ ਹਾਲੇ ਵੀ ਰਿਪੋਰਟ ਕਰਨ ਦੀ ਲੋੜ ਹੈ?

ਹਾਂ। ਜੇ ਕਾਰਜਸਥਾਨ 'ਤੇ ਕਈ ਪਾਜ਼ਿਟਿਵ ਮਾਮਲੇ ਵੀ ਹਨ, ਤਾਂ ਨਿਰਣਾ ਕਰਨ ਲਈ ਦਾਅਵੇ ਪੇਸ਼ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਇਹ ਨਿਰਧਾਰਤ ਕੀਤਾ ਜਾ ਸਕੇ ਕਿ ਕਾਰਜਸਥਾਨ 'ਤੇ ਵਰਕਰਾਂ ਨੂੰ ਬਿਮਾਰੀ ਦੀ ਲਾਗ ਦੇ ਵਧੇਰੇ ਜੋਖਮ ਵਿੱਚ ਪਾ ਰਹੇ ਹਨ। ਕਿਸੇ ਸਹੂਲਤ ਵਿੱਚ ਪ੍ਰਸਾਰ ਭਾਈਚਾਰੇ ਵਿੱਚ ਪ੍ਰਸਾਰ ਦੇ ਨਾਲ ਹੋ ਸਕਦਾ ਹੈ। ਹਰ ਦਾਅਵੇ ਦੀ ਯੋਗਤਾ ਨਿਰਧਾਰਤ ਕਰਨ ਲਈ ਨਿਰਣਾ ਕੀਤਾ ਜਾਵੇਗਾ।

### WCB ਇਹ ਕਿਵੇਂ ਨਿਰਧਾਰਤ ਕਰਦਾ ਹੈ ਕਿ ਕੀ ਬਿਮਾਰੀ ਕੰਮ-ਸੰਬੰਧੀ ਹੈ?

ਇੱਕ ਵਾਰ ਦਾਅਵੇ ਦੀ ਰਿਪੋਰਟ ਕਰ ਦਿੱਤੇ ਜਾਣ ਦੇ ਬਾਅਦ, WCB ਇਹ ਨਿਰਧਾਰਤ ਕਰਨ ਲਈ ਜਾਂਚ ਕਰੇਗੀ ਕਿ ਰੁਜ਼ਗਾਰ ਦੇ ਹਾਲਾਤਾਂ ਵਿੱਚ ਲਾਗ ਦਾ ਵੱਡਾ ਖ਼ਤਰਾ ਹੈ ਜਾਂ ਜੇ ਇਸ ਗੱਲ ਦਾ ਸਮਰਥਨ ਕਰਨ ਦਾ ਕੋਈ ਸਬੂਤ ਹੈ ਕਿ ਲਾਗ ਕਾਰਜਸਥਾਨ ਤੋਂ ਬਾਹਰ ਹੋਈ ਸੀ।

ਜੇ ਤੁਸੀਂ ਉਪਲਬਧ ਕਵਰੇਜ ਬਾਰੇ ਜਾਂ ਇਸ ਬਾਰੇ ਯਕੀਨੀ ਨਹੀਂ ਹੋ ਕਿ ਕੀ ਤੁਹਾਨੂੰ ਰਿਪੋਰਟ ਕਰਨੀ ਚਾਹੀਦੀ ਹੈ, ਤਾਂ ਸਾਨੂੰ ਕਾਲ ਕਰੋ। ਤੁਸੀਂ ਸਾਡੇ ਨਾਲ 1-866-498-4694 'ਤੇ ਸੰਪਰਕ ਕਰ ਸਕਦੇ ਹੋ ਅਤੇ ਸਾਡੇ ਉਦਯੋਗ ਸਹਾਇਤਾ ਮਾਹਰਾਂ ਵਿੱਚੋਂ ਕੋਈ ਤੁਹਾਡੀ ਸਹਾਇਤਾ ਕਰ ਸਕਦਾ ਹੈ।

ਵਰਕਰਾਂ ਦੇ ਮੁਆਵਜ਼ੇ ਨਾਲ ਸੰਬੰਧਿਤ COVID-19 ਬਾਰੇ ਵਾਧੂ ਜਾਣਕਾਰੀ ਇੱਥੇ ਮਿਲ ਸਕਦੀ ਹੈ।